SPM IAS ACADEMY
SHAPING BRILLIANCE

Civil Services (Main) Examination- 2025

SLPM-D-PNJB

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

ਨਿਰਧਾਰਿਤ ਸਮਾਂ : **ਤਿੰਨ ਘੰਟੇ**
*Time Allowed : **Three Hours***

ਕੁੱਲ ਅੰਕ : **250**
*Maximum Marks : **250***

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

**ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :**

ਪ੍ਰਸ਼ਨ ਪੱਤਰ ਵਿੱਚ ਕੁੱਲ **ਅੱਠ** ਪ੍ਰਸ਼ਨ ਹਨ, ਜੋ **ਦੋ ਭਾਗਾਂ** ਵਿੱਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ 1 ਅਤੇ 5 ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ, ਪਰੰਤੂ ਦੋਵੇਂ ਭਾਗਾਂ ਵਿੱਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ / ਭਾਗ ਦੇ ਅੰਕ, ਉਸ ਦੇ ਨਾਲ ਹੀ ਦੱਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ, **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕੱਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ , ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖ਼ਾਲੀ ਹਿੱਸਾ, ਜੇ ਖ਼ਾਲੀ ਹੈ, ਤਾਂ ਉਸ ਉੱਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

SPM IAS ACADEMY
SHAPING BRILLIANCE

## SECTION A

**Q1.** **ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਸ਼ਬਦ ਹਰੇਕ)** *10×5=50*

(a) ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰ ਥੀਏ ॥੧॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲ ਸੇ ॥੨॥ *10*

(b) ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥
ਸਤਿਗੁਰ ਜੇਵਡ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥
ਸਤਿਗੁਰ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥੪॥ *10*

(c) ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ, ਸਾ ਸੋਹਾਗਣਿ ਨਾਰੇ ॥
ਨਵ ਘਰ ਥਾਪਿ ਮਹਲ ਘਰੁ ਊਚਉ, ਨਿਜ ਘਰਿ ਵਾਸੁ ਮੁਰਾਰੇ ॥
ਸਭਿ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰ ਰੰਗਿ ਰਾਵੈ ॥
ਨਾਨਕ ਪ੍ਰਿਉ ਪ੍ਰਿਉ ਚਵੈ ਬੰਬੀਹਾ, ਕੋਕਿਲ ਸਬਦ ਸੁਹਾਵੈ ॥੨॥ *10*

(d) ਮੈਨੂੰ ਛੱਡ ਗਏ ਆਪ ਲੱਦ ਗਏ ਮੈਂ ਵਿਚ ਕੀ ਤਕਸੀਰ
ਰਾਤੀਂ ਨੀਂਦ ਨਾ ਦਿਨ ਸੁੱਖ ਸੁੱਤੀ ਅੱਖੀਂ ਪਲਟਿਆ ਨੀਰ ।
ਛਵ੍ਹੀਆਂ ਤੇ ਤਲਵਾਰਾਂ ਕੋਲੋਂ ਇਸ਼ਕ ਦੇ ਤਿੱਖੇ ਤੀਰ ।
ਇਸ਼ਕੇ ਜੇਡ ਨਾ ਜ਼ਾਲਮ ਕੋਈ ਇਹ ਜ਼ਹਿਮਤ ਬੇਪੀਰ ।
ਇਕ ਪਲ ਸਾਇਤ ਆਰਾਮ ਨਾ ਆਵੇ ਬੁਰੀ ਬਿਰਹੋਂ ਦੀ ਪੀੜ । *10*

(e) ਚਿੜੀ ਚੁਹਕਦੀ ਨਾਲ ਜਾ ਤੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ ।
ਹੋਈ ਸੁਬਹ ਸਾਦਿਕ ਜਦੋਂ ਆਣ ਰੋਸ਼ਨ, ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ, ਸੈਆਂ ਭੂੰਈ ਨੂੰ ਜਿਨ੍ਹਾਂ ਨੇ ਲਾਣੀਆਂ ਨੀ ।
ਘਰਬਾਰਨਾਂ ਚੱਕੀਆਂ ਝੋਤੀਆਂ ਨੀ, ਜਿਨ੍ਹਾਂ ਤਉਣਾ ਗੁੰਨ੍ਹ ਪਕਾਣੀਆਂ ਨੀ । *10*

SPM IAS ACADEMY
SHAPING BRILLIANCE

**Q2.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

(a) ਸ਼ੇਖ਼ ਫ਼ਰੀਦ ਪਾਰਗਾਮੀ ਦ੍ਰਿਸ਼ਟੀ ਵਾਲਾ ਕਵੀ ਹੈ ਜੋ ਪੰਜਾਬੀ ਸਭਿਆਚਾਰ ਦੇ ਧਰਾਤਲ ਉੱਪਰ ਸਾਮੀ ਅਤੇ ਭਾਰਤੀ ਪਰੰਪਰਾਵਾਂ ਦਾ ਅਜਿਹਾ ਸੁਮੇਲ ਸਿਰਜਦਾ ਹੈ ਜਿਸ ਨਾਲ ਇਹ ਦੋਵੇਂ ਪਰੰਪਰਾਵਾਂ ਪੁਨਰ ਸਿਰਜਣ ਦੇ ਅਮਲ ਵਿੱਚ ਪੈਂਦੀਆਂ ਹਨ । ਫ਼ਰੀਦ ਬਾਣੀ ਵਿੱਚ ਪੇਸ਼ ਇਸ ਪੁਨਰ ਸਿਰਜਣ ਦੇ ਅਮਲ ਨੂੰ ਚਰਚਾ ਦਾ ਵਿਸ਼ਾ ਬਣਾਉ । *20*

(b) 'ਹੁਕਮ' ਦਾ ਸੰਕਲਪ ਜਪੁਜੀ ਦੇ ਦਾਰਸ਼ਨਿਕ ਅੰਸ਼ ਦਾ ਕੇਂਦਰੀ ਤੱਤ ਹੈ ਅਤੇ ਇਸ ਬਾਣੀ ਵਿੱਚ ਕਥਨ ਕੀਤੇ ਹੋਰ ਬੋਧਿਕ ਵਿਚਾਰ ਇਸੇ ਦਾ ਵਿਸਥਾਰ ਹਨ । ਇਸ ਕਥਨ ਦੀ ਪੁਸ਼ਟੀ 'ਜਪੁਜੀ' ਵਿੱਚੋਂ ਉਦਾਹਰਨਾਂ ਦੇ ਕੇ ਕਰੋ । *15*

(c) ਬੁੱਲ੍ਹੇ ਸ਼ਾਹ ਸੂਫ਼ੀ ਰਹੱਸਵਾਦ ਦੀ ਸਹੀ ਤਰਜਮਾਨੀ ਕਰਨ ਵਾਲਾ ਅਜਿਹਾ ਸੁਚੇਤ ਸ਼ਾਇਰ ਹੈ ਜੋ ਇਸਲਾਮ ਵਿੱਚ ਪ੍ਰਚੱਲਿਤ ਹੋ ਰਹੇ ਬਾਹਰੀ ਭੇਖਾਂ ਅਤੇ ਦਿਖਾਵੇ ਵਾਲੇ ਕਿਰਦਾਰ ਨੂੰ ਰੱਦ ਕਰਦਾ ਇਸਲਾਮ ਦੇ ਅਨੁਯਾਈਆਂ ਨੂੰ ਸਵਸਥ ਧਾਰਮਿਕ ਕਦਰਾਂ-ਕੀਮਤਾਂ ਅਪਨਾਉਣ ਲਈ ਪ੍ਰੇਰਦਾ ਹੈ । ਉਸਦੀ ਸ਼ਾਇਰੀ ਦਾ ਵੱਡਾ ਹਿੱਸਾ ਬਾਹਰੀ ਜੀਵਨ ਨਾਲੋਂ ਮਨੁੱਖ ਦੇ ਰੂਹਾਨੀ ਜਗਤ ਦੀ ਪੁਨਰ-ਸਥਾਪਨਾ 'ਤੇ ਬਲ ਦਿੰਦਾ ਹੈ । ਇਸ ਕਥਨ ਦੀ ਪੁਸ਼ਟੀ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਆਧਾਰ 'ਤੇ ਕਰੋ । *15*

**Q3.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

SPM IAS ACADEMY
SHAPING BRILLIANCE

(a) ਵਾਰਿਸ ਸ਼ਾਹ ਦੀ ਵਡਿਆਈ ਇਸ ਗੱਲ ਵਿੱਚ ਨਹੀਂ ਕਿ ਉਸਨੇ ਆਪਣੇ ਕਿੱਸੇ 'ਹੀਰ' ਵਿੱਚ ਪ੍ਰੇਮ ਉੱਤੇ ਆਧਾਰਤ ਸੁਤੰਤਰ ਵਿਆਹ ਦਾ ਪੱਖ ਪੂਰਿਆ ਹੈ, ਸਗੋਂ ਇਹ ਵਡਿਆਈ ਉਸਦੇ ਕਿੱਸੇ ਵਿੱਚ ਆਪਣੇ ਸਮੇਂ ਦੇ ਸਮਾਜਿਕ, ਇਤਿਹਾਸਕ ਅਤੇ ਆਤਮਿਕ ਜੀਵਨ ਦੀ ਪ੍ਰਤੀਨਿਧਤਾ ਕਰਨ ਦੀ ਯੋਗਤਾ ਵਿੱਚ ਹੈ । ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਆਪਣੇ ਉੱਤਰ ਦੀ ਪੁਸ਼ਟੀ ਕਿੱਸਾ 'ਹੀਰ' ਵਿੱਚੋਂ ਮਿਸਾਲਾਂ ਦੇ ਕੇ ਕਰੋ । *20*

(b) ਸ਼ੇਖ਼ ਫ਼ਰੀਦ ਆਪਣੀ ਬਾਣੀ ਵਿੱਚ ਵਾਰ-ਵਾਰ ਨਾਸ਼ਮਾਨਤਾ ਦਾ ਭੈਅ ਦੇ ਕੇ ਮਨੁੱਖ ਨੂੰ ਨੇਕੀ ਵੱਲ ਪ੍ਰੇਰਦਾ ਹੈ, ਉਸਦੀ ਨਾਸ਼ਮਾਨਤਾ ਦੀ ਇਸ ਚੇਤਾਵਨੀ ਵਿੱਚ ਨਿਸ਼ਕਰਮਤਾ ਨਹੀਂ ਸਗੋਂ ਕਰਮਸ਼ੀਲਤਾ ਹੈ । ਇਸ ਕਥਨ ਨੂੰ ਫ਼ਰੀਦ ਬਾਣੀ ਦੇ ਹਵਾਲੇ ਨਾਲ ਸਪੱਸ਼ਟ ਕਰੋ । *15*

(c) ਬੁੱਲ੍ਹੇ ਸ਼ਾਹ ਦਾ ਕਲਾਮ ਬੇਖ਼ੁਦੀ ਤੇ ਚੇਤਨਾ ਦੇ ਤਣਾਉ ਦਾ ਇਕ ਅਜਿਹਾ ਨਾਚ ਹੈ ਜਿੱਥੇ ਆਪਣੇ ਵਰਗ ਦੀ ਸੋਝੀ ਤਾਂ ਰਹਿੰਦੀ ਹੈ, ਪਰ ਬਾਕੀ ਸਭ ਕਾਸੇ ਤੋਂ ਮਨੁੱਖ ਬੇਨਿਆਜ਼ ਹੋ ਜਾਂਦਾ ਹੈ । ਇਸ ਕਥਨ ਦੀ ਪੁਸ਼ਟੀ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚੋਂ ਉਦਾਹਰਨਾਂ ਦੇ ਕੇ ਕਰੋ । *15*

SPM IAS ACADEMY
SHAPING BRILLIANCE

**Q4.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

(a) ਗੁਰੂ ਨਾਨਕ ਇੱਕ ਸੰਵਾਦ ਸਿਰਜਕ ਕਵੀ ਹੈ ਜਿਸ ਦੁਆਰਾ ਸਿਰਜਿਆ ਸੰਵਾਦ ਨਵੇਂ ਸਮਾਜ-ਸਭਿਆਚਾਰ ਦਾ ਨਿਰਮਾਣ ਕਰਨ ਦੇ ਆਹਰ ਵਿੱਚ ਹੈ । ਇਸ ਕਥਨ ਨੂੰ ਗੁਰੂ ਨਾਨਕ ਬਾਣੀ ਦੇ ਹਵਾਲੇ ਨਾਲ ਸਪੱਸ਼ਟ ਕਰੋ । *20*

(b) ਕਿੱਸਾ 'ਹੀਰ' ਵਾਰਿਸ ਸ਼ਾਹ ਦੀ ਸਿਰਫ਼ ਇੱਕ ਪਿਆਰ ਦੀ ਲੋਕ ਕਹਾਣੀ ਹੀ ਨਹੀਂ ਸਗੋਂ ਇਹ ਆਪਣੇ ਸਮੇਂ ਦਾ ਉੱਚ ਸਾਹਿਤਕ ਮਿਆਰ ਵਾਲਾ ਅਜਿਹਾ ਦਸਤਾਵੇਜ਼ ਹੈ ਜਿਸ ਵਿੱਚ ਉਸ ਸਮੇਂ ਦੇ ਸੰਪੂਰਨ ਹਾਲਾਤ ਕਲਮਬੱਧ ਹੋਏ ਹਨ । ਇਸ ਕਥਨ ਦੀ ਪੁਸ਼ਟੀ ਕਿੱਸੇ ਵਿੱਚੋਂ ਉਦਾਹਰਨਾਂ ਦੇ ਕੇ ਕਰੋ । *15*

(c) ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿੱਚ ਰੂਹਾਨੀਅਤ ਦੇ ਗੰਭੀਰ ਮਸਲਿਆਂ ਨੂੰ ਸਰੋਦੀ ਸੁਰ ਵਿੱਚ ਬਿਆਨਦਾ ਅਤੇ ਸਮਾਜ ਦੀਆਂ ਜਾਤੀ-ਜਮਾਤੀ ਅਤੇ ਧਾਰਮਿਕ ਵੰਡੀਆਂ ਨੂੰ ਮੁੱਢੋਂ ਰੱਦ ਕਰਦਾ ਮਨੁੱਖਤਾ ਨੂੰ ਇੱਕ ਅੱਲ੍ਹਾ ਦੀ ਜਾਤ ਮੰਨਣ 'ਤੇ ਜ਼ੋਰ ਦਿੰਦਾ ਹੈ । ਇਸ ਦਲੀਲ ਦੇ ਆਧਾਰ 'ਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਮੁੱਖ ਸਰੋਕਾਰਾਂ ਬਾਰੇ ਵਿਚਾਰ ਚਰਚਾ ਕਰੋ । *15*

SPM IAS ACADEMY
SHAPING BRILLIANCE

SPM IAS ACADEMY
SHAPING BRILLIANCE

## SECTION B

**Q5.** **ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਮੁਕਤੀ, ਸੁਰਗ, ਉਮਰ ਤੇ ਕਿਸਮਤ, ਸਭ ਕੁਝ ਤੇਰੇ ਪੱਲੇ,
ਸਚਿਆਈ ਦੀ ਬੁਚਕੀ ਕਾਹਨੂੰ, ਦੱਬੀ ਬੈਠਾ ਏਂ ਥੱਲੇ ?
ਤੂੰ ਜਾਤਾ, ਅੰਨ੍ਹੇ ਵਿਸ਼ਵਾਸੀ, ਮੁਕਣੇ ਨਹੀਂ ਮੁਕਾਇਆਂ,
ਪਰ ਇਸ ਨਵੇਂ ਜਗਤ ਵਿਚ ਤੇਰੀ, ਜਾਦੂਗਰੀ ਨ ਚੱਲੇ । *10*

(b) ਚੰਦ ਕੌਰ ਦੀ ਮੰਦੀ ਜੋ ਨਜ਼ਰ ਦੇਖੀ, ਦਗ਼ਾਬਾਜ਼ੀਆਂ ਹੋਰ ਬਥੇਰੀਆਂ ਨੀ ।
ਉਸਨੇ ਤੁਰਤ ਲਾਹੌਰ ਥੀਂ ਕੁਚ ਕੀਤਾ, ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ ।
ਪਿਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ, ਦੇਂਦੇ ਆਣ ਮੁਸਾਹਿਬ ਦਲੇਰੀਆਂ ਨੀ ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ, ਕਿਲ੍ਹੇ, ਕੋਟ ਤੇ ਰੱਯਤਾਂ ਤੇਰੀਆਂ ਨੀ । *10*

(c) ਮਨੁੱਖੀ ਸਰੀਰ ਵਿੱਚ ਮਨੁੱਖ ਦੀ ਰੋਜ਼ਾਨਾ ਲੋੜ ਨਾਲੋਂ ਹਰ ਸ਼ਕਤੀ ਕਿਤੇ ਵਾਧੂ ਪੈਦਾ ਹੁੰਦੀ ਹੈ । ਜੇ ਹਰ ਸ਼ਕਤੀ ਉਹਦੀ ਰੋਜ਼ਾਨਾ ਲੋੜ ਦੇ ਨਾਪ ਨਾਲ ਹੀ ਪੈਦਾ ਹੁੰਦੀ ਤਾਂ ਮਨੁੱਖ ਹੈਵਾਨ ਤੋਂ ਬਹੁਤ ਅਗਾਂਹ ਨਾ ਵੱਧ ਸਕਦਾ । ਹੈਵਾਨ ਨੇ ਜਿੰਨਾ ਵਿਕਾਸ ਕਰੋੜਾਂ ਵਰ੍ਹਿਆਂ ਵਿੱਚ ਕੀਤਾ ਸੀ, ਇਨਸਾਨ ਨੇ ਓਨਾ ਹਜ਼ਾਰਾਂ ਵਰ੍ਹਿਆਂ ਵਿੱਚ ਕਰ ਲਿਆ । ਜਿਉਂ-ਜਿਉਂ ਉਹਦੀ ਪਿਆਰ ਭਾਵਨਾ ਮਜ਼ਬੂਤ ਹੁੰਦੀ ਗਈ, ਹਜ਼ਾਰਾਂ ਵਰ੍ਹਿਆਂ ਜਿੰਨਾ ਵਿਕਾਸ ਇਕ ਸਦੀ ਵਿੱਚ ਕਰਨ ਦੀ ਰਫ਼ਤਾਰ ਵਧ ਗਈ । *10*

(d) ਕਿੰਨੀ ਵਾਰ ਸਮਝਾਇਆ ਕਿ ਆਪਣੇ ਬਾਪੂ ਦੇ ਸਾਹਮਣੇ ਨਾ ਬੋਲਿਆ ਕਰ । ਪਰ ਤੇਰਾ ਮੱਥਾ ਗਰਮ ਹੀ ਰਹਿੰਦਾ ਐ । ਚੁੱਪ ਕਿਉਂ ਐਂ ? ਬੋਲ ? ਕੁਝ ਤਾਂ ਬੋਲ । ਆਪਣੀ ਮਾਂ ਨਾਲ ਗੱਲ ਕਰ ਧੀਏ । ਐਨਾ ਗੁੱਸਾ ? ਤੇਰੇ ਭਲੇ ਲਈ ਆਖਦੀ ਹਾਂ । ਆਖ਼ਿਰ ਤੇਰੀ ਮਾਂ ਹਾਂ, ਵੈਰਨ ਤਾਂ ਨਹੀਂ । ਬੋਲ ਤੇਰੀ ਚੁੱਪ ਮੈਨੂੰ ਤੜਪਾ ਰਹੀ ਹੈ । ਕੁਝ ਵੀ ਬੋਲ ਮੇਰੀ ਲਾਡੋ । ਤੇਰੀ ਅੱਲ੍ਹੜ ਉਮਰ ਐ, ਤੈਨੂੰ ਪਤਾ ਨਹੀਂ । ਤੇਰੇ ਸਿਰ ਵਿਚ ਕੀ ਧੂੜ ਦਿੱਤਾ ਉਸਨੇ ? ਕਿਉਂ ਸਾਡੀ ਮਿੱਟੀ ਪੁੱਟਣ ਲੱਗੀ ਐਂ ? *10*

(e) ਉਸਦੇ ਸਿਰ ਵਿੱਚ ਵਦਾਨ ਵੱਜ ਰਹੇ ਸਨ ਤੇ ਦਿਲ ਵਿੱਚ ਡੰਗ । ਉਹ ਇਸ ਵੇਲੇ ਆਪਣੇ ਆਪ ਨੂੰ, ਸਾਰੀ ਦੁਨੀਆਂ ਨੂੰ ਪੀਹ ਸੁੱਟਣਾ ਚਾਹੁੰਦਾ ਸੀ । ਹਿੰਸਕ ਪਸ਼ੂਆਂ ਵਾਂਗ ਉਸਦੀਆਂ ਅੱਖਾਂ ਵਿੱਚੋਂ ਚੰਗਿਆੜੇ ਤਿੜਕ ਰਹੇ ਸਨ । ਉਸਨੂੰ ਸੋਲਾਂ ਆਨੇ ਯਕੀਨ ਹੋ ਚੁੱਕਾ ਸੀ ਕਿ ਉਹ ਪਾਗਲ ਹੋ ਗਿਆ ਹੈ । ਉਸਦੇ ਅੰਦਰ ਕੁਝ ਇਸ ਤਰ੍ਹਾਂ ਦੀ ਖਾਹਿਸ਼ ਉੱਠਣ ਲੱਗੀ ਕਿ ਉਹ ਉੱਠ ਕੇ ਬਾਹਰ ਦੌੜ ਜਾਵੇ, ਕੱਪੜੇ ਪਾੜ ਕੇ ਲੀਰ ਲੀਰ ਕਰ ਸੁੱਟੇ ਤੇ ਜੋ ਵੀ ਰਸਤੇ ਵਿੱਚ ਮਿਲੇ ਉਸ ਨਾਲ ਟਕਰਾ ਕੇ ਆਪਣੇ-ਆਪ ਨੂੰ ਤੇ ਉਸਨੂੰ ਚੂਰ ਚੂਰ ਕਰਦਾ ਜਾਵੇ । *10*

SPM IAS ACADEMY
SHAPING BRILLIANCE

SPM IAS ACADEMY
SHAPING BRILLIANCE

**Q6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

(a) ਨਾਵਲ 'ਇਕ ਮਿਆਨ ਦੋ ਤਲਵਾਰਾਂ' ਇਤਿਹਾਸਕ ਪੱਖ ਤੋਂ ਗਦਰ ਲਹਿਰ ਨਾਲ ਅਨਿਆਂ ਹੈ ਅਤੇ ਸਾਹਿਤਕ ਪੱਖ ਤੋਂ ਕਾਹਲ ਵਿੱਚ ਕੀਤੀ ਕੱਚੀ ਤੇ ਅਣਸੁਹਿਰਦ ਕਿਰਤ । ਇਸ ਕਥਨ ਦੀ ਰੋਸ਼ਨੀ ਵਿੱਚ ਨਾਨਕ ਸਿੰਘ ਦੀ ਇਤਿਹਾਸ ਅਤੇ ਨਾਵਲੀ ਚੇਤਨਾ ਨੂੰ ਚਰਚਾ ਦਾ ਵਿਸ਼ਾ ਬਣਾਉ । *20*

(b) ਧਨੀ ਰਾਮ ਚਾਤ੍ਰਿਕ ਨੇ ਆਪਣੇ ਕਾਵਿ ਵਿੱਚ ਧਰਮਾਂ ਦੇ ਫ਼ਰਕਾਂ ਤੋਂ ਉਚੇਰੀ ਸਾਂਝੀ ਰਾਸ਼ਟਰੀ ਭਾਵਨਾ ਦੇ ਸੰਚਾਰ ਲਈ ਜ਼ਮੀਨ ਤਿਆਰ ਕਰਨ ਦਾ ਸੁਹਿਰਦ ਯਤਨ ਕੀਤਾ ਹੈ । ਚਾਤ੍ਰਿਕ ਕਾਵਿ ਵਿੱਚ ਪੇਸ਼ ਇਸ ਰਾਸ਼ਟਰੀ ਭਾਵਨਾ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕਰੋ । *15*

(c) 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿੱਚ ਬਲਰਾਜ ਸਾਹਨੀ ਨੇ ਪਾਕਿਸਤਾਨ ਦੇ ਸਭਿਆਚਾਰ ਦੇ ਕਿਹੜੇ ਪੱਖਾਂ ਨੂੰ ਉਘਾੜਨ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ ਹੈ ? ਇਨ੍ਹਾ ਪੱਖਾਂ ਨਾਲ ਸਫ਼ਰਨਾਮਾ ਲੇਖਕ ਦੀ ਕਿਸ ਤਰ੍ਹਾਂ ਦੀ ਭਾਵੁਕ ਸਾਂਝ ਉਭਰ ਕੇ ਸਾਹਮਣੇ ਆਉਂਦੀ ਹੈ ? *15*

**Q7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

(a) ਸੰਤ ਸਿੰਘ ਸੇਖੋਂ ਦੇ ਪ੍ਰਵੇਸ਼ ਨਾਲ ਪੰਜਾਬੀ ਚਿੰਤਨ ਦੇ ਖੇਤਰ ਵਿੱਚ ਗੁਣਾਤਮਕ ਤਬਦੀਲੀ ਵਾਪਰਦੀ ਹੈ, ਇਹ ਤਬਦੀਲੀ ਆਲੋਚਨਾ ਨੂੰ ਵਿਸ਼ੇਸ਼ ਗਿਆਨ ਦੇ ਸੰਗਠਨ ਤਹਿਤ ਸਮਝਣ ਦੇ ਪ੍ਰਸੰਗ ਵਿੱਚ ਵੇਖੀ ਜਾ ਸਕਦੀ ਹੈ । ਇਸ ਕਥਨ ਦੀ ਪ੍ਰੋੜਤਾ ਸੇਖੋਂ ਚਿੰਤਨ ਦੀਆਂ ਪ੍ਰਮੁੱਖ ਧਾਰਨਾਵਾਂ ਨੂੰ ਸਨਮੁੱਖ ਰੱਖ ਕੇ ਕਰੋ । *20*

SPM IAS ACADEMY
SHAPING BRILLIANCE

(b) ਨਾਨਕ ਸਿੰਘ ਦੀ ਰਚਨਾ ਦ੍ਰਿਸ਼ਟੀ ਧਰਮ ਨਿਰਪੱਖ ਤਾਂ ਹੈ, ਪਰ ਧਰਮ ਨਿਰਪੇਖ ਨਹੀਂ । ਇਸ ਧਰਮ ਨਿਰਪੇਖਤਾ ਦੇ ਅਭਾਵ ਕਾਰਨ ਉਸਦੀ ਦ੍ਰਿਸ਼ਟੀ ਉੱਤੇ ਮਧਕਾਲੀਨ ਆਦਰਸ਼ਵਾਦ ਭਾਰੂ ਰਹਿੰਦਾ ਹੈ । ਇਸ ਕਥਨ ਦੀ ਰੋਸ਼ਨੀ ਵਿਚ ਨਾਨਕ ਸਿੰਘ ਦੀ ਨਾਵਲੀ ਦ੍ਰਿਸ਼ਟੀ ਬਾਰੇ ਆਲੋਚਨਾਤਮਕ ਵਿਚਾਰ ਚਰਚਾ ਕਰੋ । *15*

(c) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸਭਿਆਚਾਰਕ ਚੇਤਨਾ ਹੈਵਾਨੀਅਤ ਅਤੇ ਸ਼ੈਤਾਨੀਅਤ ਦੀਆਂ ਸੂਖ਼ਮ ਪਰ ਅਮਿੱਟ ਰੇਖਾਵਾਂ ਵਿੱਚ ਘਿਰੀ ਇਨਸਾਨੀਅਤ ਦੇ ਸੰਘਰਸ਼ ਦੀ ਗੌਰਵ ਗਾਥਾ ਨਾਲ ਓਤਪੋਤ ਹੈ । ਉਹ ਸਭਿਆਚਾਰਕ ਵਿਰਾਸਤ ਦੇ ਗੌਰਵ ਤੋਂ ਵੀ ਸੁਚੇਤ ਹੈ ਅਤੇ ਮਰਯਾਦਾਗਤ ਮਨੁੱਖੀ ਬੰਦਸ਼ਾਂ ਤੋਂ ਵੀ ਬਾਖ਼ਬਰ ਹੈ । ਪੁਸਤਕ 'ਜ਼ਿੰਦਗੀ ਦੀ ਰਾਸ' ਅਤੇ 'ਨਵਾਂ ਸ਼ਿਵਾਲਾ' ਵਿੱਚੋਂ ਉਦਾਹਰਨਾਂ ਦੇ ਕੇ ਇਸ ਕਥਨ ਦੀ ਪੁਸ਼ਟੀ ਕਰੋ । *15*

SPM IAS ACADEMY
SHAPING BRILLIANCE

**Q8.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :**

(a) ਸ਼ਾਹ ਮਹੁੰਮਦ ਇੱਕ ਰਾਜ-ਭਗਤ ਅਤੇ ਆਜ਼ਾਦੀ ਪਸ਼ੰਦ ਕਵੀ ਸੀ ਜਿਸਨੇ ਆਪਣੇ ਜੰਗਨਾਮੇ ਵਿਚ ਪੰਜਾਬ ਦੇ ਆਜ਼ਾਦ ਰਾਜ ਖੁੱਸਣ ਅਤੇ ਸਾਮਰਾਜੀ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਜਮਾਉਣ 'ਤੇ ਦੁੱਖ ਭਰੇ ਕੀਰਨੇ ਪਾਏ ਹਨ। ਇਸ ਕਥਨ ਦੀ ਰੋਸ਼ਨੀ ਵਿੱਚ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿੱਚੋਂ ਉੱਭਰਦੀ ਸ਼ਾਹ ਮਹੁੰਮਦ ਦੇ ਦੇਸ਼-ਹਿਤੈਸ਼ੀ ਸੁਰ ਨੂੰ ਚਰਚਾ ਦਾ ਵਿਸ਼ਾ ਬਣਾਉ। *20*

(b) ਗੁਰਬਖ਼ਸ਼ ਸਿੰਘ ਸਹਿਜ ਪਿਆਰ ਦੇ ਫ਼ਲਸਫ਼ੇ ਨੂੰ ਜੀਵਨ ਦੇ ਕੀਮਤ ਪ੍ਰਬੰਧ ਦਾ ਕੇਂਦਰ ਮੰਨਦਾ ਹੋਇਆ ਇਸ ਨੂੰ ਇਕ ਆਦਰਸ਼ ਵਾਂਗ ਆਪਣੇ ਜੀਵਨ ਵਿੱਚ ਅਪਣਾਉਂਦਾ ਤੇ ਆਪਣੀਆਂ ਲਿਖਤਾਂ ਦਾ ਕੇਂਦਰੀ ਧੁਰਾ ਬਣਾਉਂਦਾ ਹੈ । ਇਸ ਕਥਨ ਦੀ ਰੋਸ਼ਨੀ ਵਿੱਚ ਪੁਸਤਕ 'ਜ਼ਿੰਦਗੀ ਦੀ ਰਾਸ', 'ਨਵਾਂ ਸ਼ਿਵਾਲਾ' ਤੇ 'ਮੇਰੀਆਂ ਅਭੁੱਲ ਯਾਦਾਂ' ਦੇ ਆਧਾਰ 'ਤੇ ਗੁਰਬਖ਼ਸ਼ ਸਿੰਘ ਦੇ ਪ੍ਰੀਤ ਫ਼ਲਸਫ਼ੇ ਨੂੰ ਚਰਚਾ ਦਾ ਵਿਸ਼ਾ ਬਣਾਉ। *15*

(c) ਬਲਵੰਤ ਗਾਰਗੀ ਬੋਲੀ ਦਾ ਜਾਦੂਗਰ ਹੈ ਜਿਸਦੀ ਭਾਸ਼ਾ ਦਾ ਜਾਦੂ ਪਾਠਕ ਦੇ ਸਿਰ ਚੜ੍ਹ ਬੋਲਦਾ ਹੈ। ਉਹ ਕਿਸੇ ਕਾਰੀਗਰ ਦੇ ਬੁੱਤ-ਤਰਾਸ਼ ਵਾਂਗ ਲਫ਼ਜ਼ਾਂ ਨੂੰ ਛਿੱਲ-ਤਰਾਸ਼ ਕੇ ਖੂਬਸੂਰਤ ਅੰਦਾਜ਼ ਵਿੱਚ ਇਸ ਤਰ੍ਹਾਂ ਵਰਤਦਾ ਹੈ ਕਿ ਉਸਦੇ ਕਸਬ ਦਾ ਕਮਾਲ ਆਪਣੇ ਪੂਰੇ ਜਾਹ-ਓ-ਜਲਾਲ ਵਿੱਚ ਉਘੜ ਕੇ ਪਾਠਕ ਸਾਹਮਣੇ ਸਾਕਾਰ ਹੋ ਉੱਠਦਾ ਹੈ। ਇਸ ਕਥਨ ਦੀ ਰੋਸ਼ਨੀ ਵਿੱਚ ਗਾਰਗੀ ਦੀ ਨਾਟਕੀ ਭਾਸ਼ਾ ਬਾਰੇ ਆਲੋਚਨਾਤਮਕ ਟੀਕਾ-ਟਿੱਪਣੀ ਕਰੋ। *15*

SPM IAS ACADEMY
SHAPING BRILLIANCE

SPM IAS ACADEMY
SHAPING BRILLIANCE